ਵਿਸ਼ਾ: ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਵਿਖੇ ਡਿੱਗੇ / ਛਾਂਗੇ ਹੋਏ ਦਰੱਖਤਾਂ ਦੀ ਲੱਕੜ ਨੂੰ ਵੇਚਣ ਬਾਰੇ।

ਸਪੇਸੀਫਿਕੇਸਨ ਅਤੇ ਸ਼ਰਤਾਂ

1. ਡਿੱਗੇ/ ਛਾਂਗੇ ਹੋਏ ਦਰੱਖਤਾਂ ਦੀ ਲੱਕੜ ਨੂੰ ਵੇਚਣ ਲਈ ਬੋਲੀ ਵਾਸਤੇ ਘਟੋ-ਘਟ ਕੀਮਤ (ਰਾਖਵੀ ਕੀਮਤ) ਹੇਠ ਲਿਖੇ ਅਨੁਸਾਰ ਹੋਵੇਗੀ :-

   (ੳ) 300 ਐਮ ਐਮ ਗਿਰਥ ਤੱਕ ਦੀ ਡਿੱਗੇ/ ਛਾਂਗੇ ਹੋਏ ਦਰੱਖਤਾਂ ਦੀ ਬਾਲਣ ਲੱਕੜ 2260/- ਪ੍ਰਤੀ ਟਨ।
2. ਬੋਲੀਕਾਰ ਬੋਲੀ ਦੇਣ ਤੋਂ ਪਹਿਲਾਂ ਪਲਾਂਟ ਤੇ ਚੱਕਰ ਮਾਰ ਕੇ ਪਈ ਹੋਈ ਬਾਲਣ ਲੱਕੜ ਵੇਖ ਲਵੇ। ਇਸ ਮੰਤਵ ਲਈ ਉਹ ਏ ਈ/ ਵਧੀਕ ਨਿਗਰਾਨ ਇੰਜ:, ਪਲਾਂਟ ਸਿਵਲ ਸੰਭਾਲ ਸੈਲ, ਬਠਿੰਡਾ ਨਾਲ ਸੰਪਰਕ ਕਰ ਸਕਦਾ ਹੈ।
3. ਇਹ ਬਾਲਣ ਲੱਕੜ ਪਲਾਂਟ ਅੰਦਰ ਵੱਖ ਵੱਖ ਲੋਕੇਸ਼ਨਾਂ ਤੇ ਪਈ ਹੋਈ ਹੈ। ਬੋਲੀਕਾਰ ਇਸ ਲੱਕੜ ਨੂੰ ਜਿਵੇ ਹੈ, ਜਿੱਥੇ ਹੈ ਆਧਾਰ ਤੇ ਇੰਜਨੀਅਰ ਇੰਚਾਰਜ ਦੀਆਂ ਹਦਾਇਤਾਂ ਮੁਤਾਬਿਕ ਆਪਣੇ ਖਰਚੇ ਤੇ ਉਠਾਏਗਾ। ਬੋਲੀਕਾਰ ਨੂੰ 300 ਐਮ.ਐਮ ਤੱਕ ਦੀ ਗਿਰਥ ਦੀ ਬਾਲਣ ਲੱਕੜ ਹੀ ਚੁੱਕਣ ਦੀ ਇਜਾਜਤ ਹੋਵੇਗੀ।
4. ਬੋਲੀਕਾਰ ਸਬੂਤ ਵਜੋਂ ਉਹ ਆਪਣਾ ਫੋਟੋ ਆਈਡੀ ਅਤੇ ਐਡਰੈਸ ਦੇ ਸਬੂਤ ਦਾ ਦਸਤਾਵੇਜ ਇਸ ਦਫਤਰ ਨੂੰ ਪੇਸ਼ ਕਰੇਗਾ।
5. ਬੋਲੀਕਾਰ ਬੋਲੀ ਦੇਣ ਤੋਂ ਪਹਿਲਾ ਰੁਪਏ 5,000/- ਬਤੌਰ ਬਿਆਨਾ ਰਕਮ ਬੋਲੀ ਕਰਵਾਉਣ ਵਾਲੀ ਕਮੇਟੀ ਕੋਲ ਜਮ੍ਹਾਂ ਕਰਵਾਏਗਾ। ਸਫਲ ਬੋਲੀਕਾਰ ਤੋ ਇਲਾਵਾ ਬਾਕੀ ਸਾਰੇ ਬੋਲੀਕਾਰਾਂ ਦੀ ਬਿਆਨਾ ਰਕਮ ਮੌਕੇ ਤੇ ਵਾਪਸ ਕਰ ਦਿੱਤੀ ਜਾਵੇਗੀ। ਸਫਲ ਬੋਲੀਕਾਰ ਦੀ ਬਿਆਨਾ ਰਕਮ ਸੇਲ ਆਰਡਰ ਪੂਰਾ ਹੋਣ ਉਪਰੰਤ ਹੀ ਵਾਪਸ ਕੀਤੀ ਜਾਵੇਗੀ।
6. ਬਾਲਣ ਲੱਕੜ ਦੀ ਤੁਲਾਈ ਇੰਜਨੀਅਰ ਇੰਚਾਰਜ (ਪਲਾਂਟ ਸਾਈਟ) ਦੇ ਨਿਰਦੇਸ਼ਾ ਅਨੁਸਾਰ ਪਲਾਂਟ ਵਿਖੇ ਸਥਿਤ ਕੰਡੇ ਤੇ ਕਰਵਾਈ ਜਾਵੇਗੀ।
7. ਜਿਹੜੇ ਬੋਲੀਕਾਰ ਨਿਰਧਾਰਤ ਦਿਨ ਅਤੇ ਸਮੇਂ ਤੋਂ ਬਾਅਦ ਆਉਣਗੇ ਉਹਨਾਂ ਨੂੰ ਨਿਲਾਮੀ ਵਿੱਚ ਸਾਮਲ ਨਹੀ ਹੋਣ ਦਿੱਤਾ ਜਾਵੇਗਾ।
8. ਬਗੈਰ ਕਿਸੇ ਕਾਰਨ ਕਰਕੇ ਬੋਲੀ ਨੂੰ ਰੱਦ ਕੀਤਾ ਜਾ ਸਕਦਾ ਹੈ।
9. ਰਲੀਜ ਆਰਡਰ ਜਾਰੀ ਕਰਨ ਉਪਰੰਤ 90 ਦਿਨਾਂ ਦੇ ਅੰਦਰ ਅੰਦਰ (ਕੰਪਲੀਸਨ ਸਮਾਂ) ਉਪਰੋਕਤ ਲੱਕੜ ਚੁੱਕਣੀ ਪਵੇਗੀ। ਜੇਕਰ ਸਾਰਾ ਕੰਮ ਨਿਰਧਾਰਤ ਸਮੇਂ ਵਿੱਚ ਪੂਰਾ ਨਹੀ ਕੀਤਾ ਜਾਂਦਾ ਤਾਂ ਸੇਲ ਆਰਡਰ ਕੀਮਤ ਦੀ 1/2 % ਪਨੇਲਟੀ ਪ੍ਰਤੀ ਹਫਤਾ ਲਗੇਗੀ ਜੋ ਕਿ ਵੱਧ ਤੋਂ ਵੱਧ 10% ਕੁਲ ਰਕਮ ਦਾ ਹੋਵੇਗਾ।
10. ਬਾਲਣ ਲੱਕੜ ਦੀ ਬਣਦੀ ਕੀਮਤ ਦਾ ਭੁਗਤਾਨ ਲੇਖਾ ਅਫਸਰ/ਓ ਤੇ ਐਮ, ਗਨਦਥਪ, ਬਠਿੰਡਾ ਦੇ ਨਾਮ ਡਿਮਾਂਡ ਡਰਾਫਟ ਰਾਹੀਂ ਕਰਨਾ ਪਵੇਗਾ।

11. ਜੇਕਰ ਬੋਲੀਕਾਰ ਕੰਮ ਅਲਾਟ ਹੋਣ ਤੋਂ ਬਾਅਦ ਕੰਮ ਕਰਨ ਲਈ ਟਾਲ ਮਟੋਲ ਕਰਦਾ ਹੈ ਜਾਂ ਸਾਫ ਨਾਂਹ ਕਰਦਾ ਹੈ ਤਾਂ ਸਿਕਉਰਟੀ ਦੀ ਰਕਮ ਜਬਤ ਕਰਨ ਦਾ ਪੂਰਾ ਅਧਿਕਾਰ ਇੰਜਨੀਅਰ ਇੰਚਾਰਜ ਨੂੰ ਹੋਵੇਗਾ ਅਤੇ ਇੰਜਨੀਅਰ ਇੰਚਾਰਜ ਨੂੰ ਪੂਰੀ ਅਜਾਦੀ ਹੋਵੇਗੀ ਕਿ ਉਹ ਕਿਸੇ ਦੂਸਰੇ ਠੇਕੇਦਾਰ ਤੋਂ ਬੋਲੀਕਾਰ ਦੇ ਰਿਸਕ ਅਤੇ ਕਾਸਟ ਤੇ ਕੰਮ ਕਰਵਾ ਸਕਦਾ ਹੈ।

12. ਨਿਮਨਹਸਤਾਖਰ ਨੂੰ ਪੂਰਾ ਅਧਿਕਾਰ ਹੈ ਕਿ ਰਲੀਜ ਆਰਡਰ ਨੂੰ ਕਿਸੇ ਸਮੇ ਬਗੈਰ ਕਿਸੇ ਕਾਰਨ ਕਰਕੇ ਕੈਂਸਲ ਕਰ ਸਕਦਾ ਹੈ ਜਾਂ ਸੋਧ ਸਕਦਾ ਹੈ।

13. ਸਫਲ ਬੋਲੀਕਾਰ ਵਲੋਂ ਰਲੀਜ/ਸੇਲ ਆਰਡਰ ਜਾਰੀ ਹੋਣ ਤੋਂ ਇੱਕ ਹਫਤੇ ਦੇ ਅੰਦਰ ਇਸ ਦਫਤਰ ਕੋਲ ਸੇਲ ਆਰਡਰ ਦੀ ਸਾਰੀ ਰਕਮ ਸਮੇਤ ਟੈਕਸ ਜਮ੍ਹਾਂ ਕਰਵਾਏਗਾ ਜਿਸ ਉਪਰੰਤ ਹੀ ਬੋਲੀਕਾਰ ਨੂੰ ਲੱਕੜ ਚੁੱਕਣ ਦੀ ਆਗਿਆ ਹੋਵੇਗੀ।

14. ਪਲਾਂਟ ਤੋਂ ਬਾਹਰ ਬਾਲਣ ਲੱਕੜ ਲੈ ਕੇ ਜਾਣ ਲਈ ਲੋੜ ਅਨੁਸਾਰ ਜਰੂਰੀ ਗੇਟ ਪਾਸ ਬਣਵਾਉਣਾਂ ਸਫਲ ਬੋਲੀਕਾਰ ਦੀ ਆਪਣੀ ਜਿੰਮੇਵਾਰੀ ਹੋਵੇਗੀ।

15. ਅਲਾਟਮੈਂਟ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਵਲੋਂ ਲੱਕੜ ਚੁੱਕਣ ਲਈ ਸੁਰੂ ਕਰਨ ਵਿੱਚ ਦੇਰੀ ਹੁੰਦੀ ਹੈ ਜਾਂ ਪੂਰੀ ਲੱਕੜ ਚੁੱਕਣ ਨੂੰ ਜਿਆਦਾ ਸਮਾਂ ਲੱਗਦਾ ਹੈ ਤਾਂ ਸਮਰੱਥ ਵੱਲੋ ਕਾਰਨਾਂ ਨੂੰ ਮੁੱਖ ਰੱਖਦੇ ਹੋਏ ਬੋਲੀਕਾਰ ਦੇ ਬਿਨੈ ਪੱਤਰ ਦੇ ਆਧਾਰ ਤੇ ਸਿਰਫ ਅਕਸਟੈਂਨਸਨ ਦੀ ਮੰਨਜੂਰੀ ਦਿੱਤੀ ਜਾ ਸਕਦੀ ਹੈ। ਬੋਲੀਕਾਰ ਹੋਰ, ਕਿਸੇ ਵੀ ਤਰ੍ਹਾਂ ਦੇ ਕਲੇਮ ਦਾ ਹੱਕਦਾਰ ਨਹੀ ਹੋਵੇਗਾ।

16. ਬਾਲਣ ਲੱਕੜ ਚੁੱਕਣ ਅਤੇ ਢੋ ਢੁਆਈ /ਚੁੱਕਣ ਵੇਲੇ ਕਿਸੇ ਵੀ ਇਮਾਰਤ/ਬਿਜਲੀ ਦੀ ਲਾਈਨ ਜਾਂ ਹੋਰ ਕਿਸੇ ਤਰ੍ਹਾਂ ਦੇ ਹੋਣ ਵਾਲੇ ਨੁਕਸਾਨ ਦੀ ਜਿੰਮੇਵਾਰੀ ਬੋਲੀਕਾਰ ਦੀ ਹੋਵੇਗੀ ਅਤੇ ਹੋਣ ਵਾਲੇ ਨੁਕਸਾਨ ਦਾ ਮੁਆਵਜਾਂ ਇਸ ਦਫਤਰ ਵਲੋਂ ਕੀਤੇ ਅਨੁਮਾਨ ਅਨੁਸਾਰ ਬੋਲੀਕਾਰ ਦੀ ਬਤੌਰ ਬਿਆਨੇ ਦੀ ਰਕਮ 5,000/- ਰੁਪਏ ਵਿੱਚੋ ਕੱਟ ਲਿਆ ਜਾਵੇਗਾ ਅਤੇ ਜੇਕਰ ਨੁਕਸਾਨ 5,000/-ਤੋ ਵੱਧ ਹੋਵੇ ਤਾਂ 5000/-ਰੁਪਏ ਤੋਂ ਉਪਰ ਦੀ ਰਕਮ ਬੋਲੀਕਾਰ ਨੂੰ ਨਕਦ ਜਮ੍ਹਾਂ ਕਰਵਾਉਣੀ ਪਵੇਗੀ।

17. ਬੋਲੀਕਾਰ ਵਲੋ ਚੁੱਕੀ ਗਈ ਲੱਕੜ ਦੀ ਕੀਮਤ ਉਪਰ ਜੀ ਐਸ ਟੀ ਵੱਖਰਾ ਲਗੇਗਾ ਅਤੇ ਟੀ ਡੀ ਐਸ ਨਿਯਮਾਂ ਅਨੁਸਾਰ ਕੱਟਿਆ ਜਾਵੇਗਾ।

17/6/22

ਵਧੀਕ ਨਿਗਰਾਨ ਇੰਜਨੀਅਰ,
ਪਲਾਂਟ ਸਿਵਲ ਸੰਭਾਲ ਸੈਲ,
ਗਨਦਥਪ ਬਠਿੰਡਾ।